ਨਿਊਜ਼ ਰਿਲੀਜ਼

# ਬੱਚਿਆਂ ਅਤੇ ਯੁਵਕਾਂ ਲਈ ਵਿਕਲਪ ਸੁਰੱਖਿਅਤ ਕਰਨਾਂ

1 ਫਰਵਰੀ 2024 ਮੀਡੀਆ ਇੰਨਕੁਆਰੀਆਂ

### ਐਲਬਰਟਾ ਸਰਕਾਰ ਇਹ ਯਕੀਨੀ ਬਣਾਉਣ ਲਈ ਪਾਲਿਸੀਆਂ ਲਿਆ ਰਹੀ ਹੈ ਕਿ ਬੱਚਿਆਂ ਨੂੰ ਸਹਾਇਤਾ ਪ੍ਰਾਪਤ ਹੋਵੇ ਕਿ ਉਹ ਬਾਲਗ ਹੋ ਰਹੇ ਹੁੰਦਿਆਂ ਉਹ ਲੋਕ ਬਣ ਸਕਣ ਜੋ ਉਹ ਬਣਨਾਂ ਚਾਹੁੰਦੇ ਹਨ।

ਸਰਕਾਰ ਕਈ ਮੰਤਰਾਲਿਆਂ ਦਰਮਿਆਨ ਉਨ੍ਹਾਂ ਵਿਕਲਪਾਂ ਨੂੰ ਸੁਰੱਖਿਅਤ ਕਰਨ ਲਈ ਪਾਲਿਸੀਆਂ ਬਣਾ ਰਹੀ ਹੈ ਜੋ ਬੱਚਿਆਂ ਜਾਂ ਯੁਕਵਾਂ ਪਾਸ ਸੰਭਾਵੀ ਤੌਰ 'ਤੇ ਜ਼ਿੰਦਗੀ-ਬਦਲਾਊ ਅਤੇ ਅਕਸਰ ਨਾ-ਪਲਟਾਏ ਜਾ ਸਕਣ ਵਾਲੇ ਬਾਲਗ ਫੈਸਲੇ ਕਰਨ ਤੋਂ ਪਹਿਲਾਂ ਮੌਜੂਦ ਹੋਣ, ਜਿੰਨ੍ਹਾਂ 'ਚ ਉਨ੍ਹਾਂ ਦੇ ਬਾਇਲੋਜੀਕਲ ਸੈਕਸ ਨੂੰ ਬਦਲਨਾਂ ਸ਼ਾਮਲ ਹੈ, ਨਾਲ ਹੀ ਸਰਕਾਰ ਇਹ ਵੀ ਯਕੀਨੀ ਬਣਾ ਰਹੀ ਕਿ ਔਰਤਾਂ ਅਤੇ ਕੁੜੀਆਂ ਕੋਲ ਖੇਡਾਂ 'ਚ ਸੁਰੱਖਿਅਤ ਅਤੇ ਅਰਥਪੂਰਨ ਰੂਪ 'ਚ ਸ਼ਮੂਲੀਅਤ ਕਰਨ ਦੇ ਮੌਕੇ ਹੋਣ। ਇਸ ਤੋਂ ਇਲਾਵਾ ਸਰਕਾਰ ਐਲਬਰਟਾ ਦੀ ਟ੍ਰਾਂਸਜੈਂਡਰ ਕਮਿਊਨਿਟੀ ਲਈ ਸਿਹਤ ਸੇਵਾਵਾਂ ਤੱਕ ਪਹੁੰਚ ਵਿਚ ਅਤੇ ਆਪਣੀ ਟ੍ਰਾਂਸਜੈਂਡਰਾਂ ਵਜੋਂ ਪਛਾਣ ਦੱਸਣ ਵਾਲੇ ਬੱਚਿਆਂ ਤੇ ਉਨ੍ਹਾਂ ਦੇ ਪਰਿਵਾਰਾਂ ਲਈ ਸਮਾਜਿਕ ਸਹਾਇਤਾ ਵਿਚ ਸੁਧਾਰ ਲਿਆਵੇਗੀ।

## ਟ੍ਰਾਂਸਜੈਂਡਰ ਬਾਲਗਾਂ ਵਾਸਤੇ ਸਹਾਇਤਾ

ਟ੍ਰਾਂਸਜੈਂਡਰ ਐਲਬਰਟਾ ਨਿਵਾਸੀਆਂ ਲਈ ਸਿਹਤ ਸੰਭਾਲ ਸਹਾਇਤਾ ਅਤਿ ਮਹੱਤਵਪੂਰਨ ਹੈ, ਇਹ ਹੈ ਕਿ ਜਿਸ ਕਰਕੇ ਸਰਕਾਰ ਅਜਿਹੇ ਮੈਡੀਕਲ ਪ੍ਰੋਫੈਸ਼ਨਲਾਂ ਨੂੰ ਐਲਬਰਟਾ 'ਚ ਲਿਆਉਣ ਲਈ ਕੰਮ ਕਰ ਰਹੀ ਹੈ, ਜਿਹੜੇ ਆਪਰੇਸ਼ਨ ਤੋਂ ਪਹਿਲਾਂ ਅਤੇ ਉਪਰੰਤ ਟ੍ਰਾਂਸਜੈਂਡਰ ਬਾਲਗਾਂ ਦੀ ਸਾਂਭ-ਸੰਭਾਲ 'ਚ ਮੁਹਾਰਤ ਰੱਖਦੇ ਹੋਣ। ਸੂਬੇ ਵਿਚ ਅਜਿਹੀ ਮੁਹਾਰਤ ਦਾ ਹੋਣਾ ਇਹ ਯਕੀਨੀ ਬਣਾਏਗਾ ਕਿ ਤਬਦੀਲੀਆਂ ਕਰਵਾਉਣ ਵਾਲੇ ਐਲਬਰਟਾ ਨਿਵਾਸੀਆਂ ਨੂੰ ਕਿਸੇ ਐਲਬਰਟਾ-ਆਧਾਰਿਤ ਮੈਡੀਕਲ ਮਾਹਰ ਤੱਕ ਚੰਗੇਰੀ ਪਹੁੰਚ ਹਾਸਲ ਹੋਵੇ ਜੋ ਉਨ੍ਹਾਂ ਨੂੰ ਉਨ੍ਹਾਂ ਦੀਆਂ ਨਿਵੇਕਲੀਆਂ ਅਤੇ ਪੇਚੀਦਾ ਪ੍ਰਕਾਰ ਦੀਆਂ ਮੈਡੀਕਲ ਜ਼ਰੂਰਤਾਂ 'ਚ ਸਹਾਇਤਾ ਕਰੇ, ਤੇ ਉਨ੍ਹਾਂ ਨੂੰ ਕਿਊਬੈਕ 'ਚ ਨਾ ਜਾਣਾ ਪਵੇ, ਜਿਸ ਤਰ੍ਹਾਂ ਦੀ ਪ੍ਰੈਕਟਿਸ ਮੌਜੂਦਾ ਸਮੇਂ ਚੱਲ ਰਹੀ ਹੈ।

ਇਸ ਤੋਂ ਇਲਾਵਾ, ਐਲਬਰਟਾ ਹੈਲਥ ਵਿਭਾਗ ਟ੍ਰਾਂਸਜੈਂਡਰ ਐਲਬਰਟਾ ਨਿਵਾਸੀਆਂ ਲਈ ਲੋੜੀਂਦੇ ਮੈਡੀਕਲ ਇਲਾਜ ਅਤੇ ਸਿਹਤ ਸੰਭਾਲ ਤੱਕ ਪਹੁੰਚ ਨੂੰ ਸੌਖਿਆਂ ਬਣਾਉਣ ਲਈ ਉਨ੍ਹਾਂ ਮੈਡੀਕਲ ਪ੍ਰੋਫੈਸ਼ਨਲਾਂ ਦੀ ਇਕ ਪ੍ਰਾਈਵੇਟ ਰਜਿਸਟਰੀ ਤਿਆਰ ਕਰੇਗਾ ਜਿਹੜੇ ਪ੍ਰੋਫੈਸ਼ਨਲ ਇਸ ਖੇਤਰ 'ਚ ਮੁਹਾਰਤ ਰੱਖਦੇ ਹੋਣ।

## ਬੱਚਿਆਂ-ਅਤੇ-ਯੁਵਕਾਂ 'ਤੇ ਕੇਂਦਰਿਤ ਪਾਲਿਸੀਆਂ

ਆਉਣ ਵਾਲੇ ਮਹੀਨਿਆਂ 'ਚ, ਐਲਬਰਟਾ ਸਰਕਾਰ ਟ੍ਰਾਂਸਜੈਂਡਰ ਵਜੋਂ ਆਪਣੀ ਪਛਾਣ ਦੱਸਣ ਵਾਲੇ ਬੱਚਿਆਂ ਸਬੰਧ ਹੇਠ ਲਿਖੀਆਂ ਸਿਹਤ ਪਾਲਿਸੀਆਂ ਲਾਗੂ ਕਰੇਗੀ:

- 17 ਸਾਲ ਜਾਂ  ਇਸ ਤੋਂ ਘੱਟ ਉਮਰ ਦੇ ਨਾਬਾਲਗਾਂ ਲਈ  ਲਈ ਲਿੰਗ ਪੁਨਰ-ਨਿਰਧਾਰਨ ਦੀਆਂ ਸਾਰੀਆਂ ਸਰਜਰੀਆਂ ਮਨ੍ਹਾਂ ਹੋਣਗੀਆਂ।
- 15 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਬੱਚਿਆਂ ਲਈ ਜਵਾਨੀ-ਰੋਕੂ ਤਰੀਕੇ ਅਤੇ ਹਾਰਮੋਨ ਥੈਰੇਪੀਆਂ , ਜੋ ਲਿੰਗ ਪੁਰਨ-ਨਿਰਧਾਰਨ ਜਾਂ ਇਸ ਦੇ ਪੁਸ਼ਟੀਕਰਣ ਦੇ ਮਕਸਦ  ਲਈ ਹੋਣ, ਉਨ੍ਹਾਂ ਦੀ ਇਜਾਜ਼ਤ ਨਹੀਂ ਹੋਵੇਗੀ, ਸਿਵਾਏ ਉਨ੍ਹਾਂ ਦੇ ਜਿੰਨ੍ਹਾ ਦੇ ਇਹ ਇਲਾਜ ਪਹਿਲਾਂ ਹੀ ਸ਼ੁਰੂ ਹੋ ਚੁੱਕੇ ਹੋਣ।
- ਪ੍ਰੌਢ ਉਮਰ ਦੇ ਨਵਯੁਵਕ, 16 ਅਤੇ 17 ਸਾਲ ਦੀ ਉਮਰ ਦੇ, ਜਵਾਨੀ ਰੋਕੂ ਤਰੀਕੇ ਜਾਂ ਹਾਰਮੋਨ ਥੈਰੇਪੀਆਂ ਜੋ ਲਿੰਗ ਪੁਨਰ-ਨਿਰਧਾਰਨ ਅਤੇ ਪੁਸ਼ਟੀਕਰਣ ਦੇ ਮਕਸਦ ਲਈ ਹੋਣ, ਕੇਵਲ ਮਾਪਿਆਂ, ਡਾਕਟਰ ਜਾਂ ਮਨੋਵਿਗਿਆਨੀ ਦੀ ਮਨਜ਼ੂਰੀ ਨਾਲ ਹੀ ਇੰਨ੍ਹਾਂ ਨੂੰ ਸ਼ੁਰੂ ਕਰ ਸਕਦੇ ਹਨ।

ਜਦੋਂ ਇਹ ਕੁਝ ਐਲਬਰਟਾ ਦੇ ਸਿਖਿਆ ਪ੍ਰਬੰਧ ਨਾਲ ਸਬੰਧਤ ਹੁੰਦਾ ਹੈ, ਤਾਂ ਹੇਠ ਲਿਖੇ ਸੁਧਾਰ ਲਾਗੂ ਕੀਤੇ ਜਾਣਗੇ:

- ਕਿਸੇ ਵੀ ਉਦਾਹਰਨ 'ਚ, ਜਦੋਂ ਅਧਿਆਪਕ ਲਿੰਗ ਪਛਾਣ, ਜਿੰਨਸੀ ਰੁਝਾਨ ਜਾਂ ਮਾਨਵੀ ਕਾਮੁਕਤਾ ਨਾਲ ਸਬੰਧਤ ਵਿਸ਼ੇ ਵਸਤੂ ਬਾਰੇ ਰਸਮੀ ਸਿੱਖਿਆ ਪ੍ਰਦਾਨ ਕਰਦਾ ਹੈ, ਉਸ ਬਾਰੇ ਮਾਪਿਆਂ ਨੂੰ ਜ਼ਰੂਰੀ ਤੌਰ 'ਤੇ ਸੂਚਿਤ ਕੀਤਾ ਗਿਆ ਹੋਵੇ ਅਤੇ ਉਨ੍ਹਾਂ ਇਸ 'ਚ ਸ਼ਾਮਲ ਹੋਣ ਦੀ ਚੋਣ ਕੀਤੀ ਹੋਵੇ।
- ਐਲਬਰਟਾ ਦੇ ਕਲਾਸਰੂਮਾਂ 'ਚ ਉਪਲਬਧ ਸਾਰੀ ਥਰਡ-ਪਾਰਟੀ ਸਰੋਤ ਸਮੱਗਰੀ ਜਾਂ ਪੇਸ਼ਕਾਰੀਆਂ ਜੋ ਲਿੰਗ ਪਛਾਣ, ਜਿੰਨਸੀ ਰੁਝਾਨ ਜਾਂ ਮਾਨਵੀ ਕਾਮੁਕਤਾ ਨਾਲ ਸਬੰਧਤ ਹਨ,  ਇਹ ਯਕੀਨੀ ਬਣਾਉਣ ਲਈ ਜ਼ਰੂਰੀ ਤੌਰ 'ਤੇ ਸਿੱਖਿਆ ਮੰਤਰਾਲੇ ਵੱਲੋਂ ਪੂਰਵ-ਮਨਜ਼ੂਰ ਹੋਣੀਆਂ ਚਾਹੀਦੀਆਂ ਹਨ ਕਿ ਉਹ ਉਮਰ ਅਨੁਸਾਰ ਢੁਕਵੀਆਂ ਹਨ।
- 15 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸਕੂਲ ਅਧਿਆਪਕਾਂ, ਸਕੂਲ ਪ੍ਰਸ਼ਾਸਨ ਅਤੇ ਹੋਰ ਵਿਦਿਅਕ ਸਟਾਫ ਵੱਲੋਂ ਵਰਤੇ ਜਾਂਦੇ ਆਪਣੇ ਨਾਵਾਂ ਜਾਂ ਪੜਨਾਵਾਂ ਨੂੰ ਬਦਲਣ ਵਾਸਤੇ ਜ਼ਰੂਰੀ ਤੌਰ 'ਤੇ ਉਨ੍ਹਾਂ ਦੇ ਮਾਪਿਆਂ ਵੱਲੋਂ ਸਹਿਮਤੀ ਮਿਲੀ ਹੋਣੀ ਚਾਹੀਦੀ ਹੈ।
- 16 ਜਾਂ 17 ਸਾਲ ਦੇ ਬੱਚਿਆਂ ਵੱਲੋਂ ਸਕੂਲ ਅਧਿਆਪਕਾਂ, ਸਕੂਲ ਪ੍ਰਸ਼ਾਸਨ ਅਤੇ ਹੋਰ ਵਿਦਿਅਕ ਸਟਾਫ ਵੱਲੋਂ ਵਰਤੇ ਜਾਂਦੇ ਆਪਣੇ ਨਾਵਾਂ ਜਾਂ ਪੜਨਾਵਾਂ ਨੂੰ ਬਦਲਣ ਦੀ ਸੂਰਤ ਵਿਚ  ਉਨ੍ਹਾਂ ਦੇ ਮਾਪਿਆਂ ਨੂੰ ਜ਼ਰੂਰੀ ਤੌਰ 'ਤੇ ਸੂਚਿਤ ਕੀਤਾ ਜਾਣਾ ਚਾਹੀਦਾ ਹੈ।

ਐਲਬਰਟਾ ਸਰਕਾਰ ਟ੍ਰਾਂਸਜੈਂਡਰ ਵਜੋਂ ਆਪਣੀ ਪਛਾਣ ਦੱਸਣ ਵਾਲੇ ਯੁਵਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਵਾਸਤੇ ਇਹੋ ਜਿਹੇ ਆਮ ਤੌਰ 'ਤੇ ਮੁਸ਼ਕਿਲ ਅਤੇ ਪੇਚੀਦਾ ਮੁੱਦਿਆਂ ਅਤੇ ਗੱਲਾਂਬਾਤਾਂ 'ਚੋਂ ਗੁਜ਼ਰ ਸਕਣ 'ਚ ਮਦਦ ਕਰਨ ਵਾਸਤੇ ਇਕ ਕਾਊਂਸਲਿੰਗ ਪਾਇਲਟ ਪ੍ਰਾਜੈਕਟ ਨੂੰ ਵੀ ਵਿਕਸਤ ਕਰ ਰਹੀ ਹੈ।

## ਔਰਤਾਂ, ਕੁੜੀਆਂ ਅਤੇ ਟ੍ਰਾਂਸਜੈਂਡਰ ਐਥਲੀਟ

ਅੰਤ 'ਚ, ਜਦੋਂ ਇਹ ਗੱਲ ਔਰਤਾਂ, ਕੁੜੀਆਂ ਅਤੇ ਟ੍ਰਾਂਸਜੈਂਡਰ ਮਹਿਲਾ ਐਥਲੀਟਾਂ ਦੇ ਸਬੰਧ 'ਚ ਆਉਂਦੀ ਹੈ, ਐਲਬਰਟਾ ਸਰਕਾਰ ਸੂਬੇ ਵਿਚਲੀਆਂ ਖੇਡ-ਸੰਸਥਾਵਾਂ ਨਾਲ ਇਹ ਯਕੀਨੀ ਬਣਾਉਣ ਲਈ ਕੰਮ ਕਰੇਗੀ ਕਿ ਬਾਇਉਲੋਜੀਕਲ ਤੌਰ 'ਤੇ ਮਹਿਲਾ ਜੰਮੀਆਂ ਐਥਲੀਟ ਟ੍ਰਾਂਸਜੈਂਡਰ ਮਹਿਲਾ ਐਥਲੀਟਾਂ ਨਾਲ ਮੁਕਾਬਲਾ ਕੀਤੇ ਜਾਣ ਤੋਂ ਬਗੈਰ ਕੇਵਲ ਬਾਇਉਲੋਜੀਕਲ ਤੌਰ 'ਤੇ ਮਹਿਲਾ ਜੰਮੀਆਂ ਐਥਲੀਟਾਂ ਦੀ ਡਿਵੀਜ਼ਨ 'ਚ ਮੁਕਾਬਲੇ 'ਚ ਹਿੱਸਾ ਲੈਣ ਦੇ ਯੋਗ ਹੋਣ, ਜਦੋਂ ਕਿ ਇਹ ਯਕੀਨੀ ਬਣਾਉਣ ਲਈ ਕਿ ਟ੍ਰਾਂਸਜੈਂਡਰ ਐਥਲੀਟ ਆਪਣੀ ਪਸੰਦ ਦੀ ਖੇਡ 'ਚ ਅਰਥਪੂਰਨ ਤਰੀਕੇ ਨਾਲ ਭਾਗ ਲੈ ਸਕਣ ਦੇ ਯੋਗ ਹੋਣ, ਐਥਲੈਟਿਕ ਮੁਕਾਬਲਿਆਂ ਲਈ ਕੋ-ਐੱਡ/ਸਾਂਝੀਆਂ ਜਾਂ ਲਿੰਗ -ਨਿਰਪੇਖ ਡਿਵੀਜ਼ਨਾਂ ਦਾ ਵਿਸਥਾਰ ਵੀ ਕੀਤਾ ਜਾ ਰਿਹਾ ਹੈ।

## ਮਲਟੀਮੀਡੀਆ

- ਵੇਖੋ: ਪ੍ਰੀਮੀਅਰ ਸਮਿੱਥ ਦਾ ਵੀਡੀਉ ਸੁਨੇਹਾ
- ਨਿਊਜ਼ ਕਾਂਨਫਰੰਸ ਵੇਖੋ

## ਮੀਡੀਆ ਇੰਨਕੁਆਰੀਆਂ


### Sam Blackett

587-589-6048
ਪ੍ਰੈੱਸ ਸੈਕਰੇਟਰੀ, ਆਫਿਸ ਆਫ ਦਿ ਪ੍ਰੀਮੀਅਰ